ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੋਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 179 ਵੈਬ ਪੋਰਟਲ/ਸਕਾਲਰਸ਼ਿਪ ਮਿਤੀ: 19/03/14

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ 2013-14 ਸਬੰਧੀ ਸੂਚਨਾ ਮੁਹੱਈਆ ਕਰਾਉਣ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਪਹਿਲਾਂ ਵੀ ਇਸ ਦਫ਼ਤਰ ਦੇ ਪੱਤਰ ਨੰ: 143 ਮਿਤੀ 22.10.2013, ਪੱਤਰ ਨੰ: 311 ਮਿਤੀ 09.01.2014, ਪੱਤਰ ਨੰ: 61 ਮਿਤੀ 29.01.2014 ਅਤੇ ਟੈਲੀਫੂਨ ਰਾਹੀਂ ਆਪਣੀ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਹੇਠ ਅਨੁਸਾਰ ਸੂਚਨਾ ਮੁੱਖ ਦਫ਼ਤਰ ਨੂੰ ਭੇਜਣ ਲਈ ਲਿਖਿਆ ਗਿਆ ਸੀ। ਇਸ ਤੋਂ ਇਲਾਵਾ ਮਿਤੀ 14.03.2014 ਨੂੰ ਈ-ਮੇਲ ਰਾਹੀਂ ਸੂਚਨਾ ਮੰਗੀ ਗਈ ਸੀ, ਪ੍ਰੰਤੂ ਇਹ ਸੂਚਨਾ ਬਹੁਤ ਸਾਰੀਆਂ ਸੈਕਸ਼ਨਿੰਗ ਅਥਾਰਟੀਆਂ ਵੱਲੋਂ ਮੁੱਖ ਦਫਤਰ ਨੂੰ ਅਜੇ ਤੱਕ ਨਹੀਂ ਭੇਜੀ ਗਈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਹੇਠ ਦਰਸਾਏ ਨੁਕਤਿਆਂ ਅਨੁਸਾਰ ਸੂਚਨਾ ਜਿਸ ਸੈਕਸ਼ਨਿੰਗ ਅਥਾਰਟੀ ਵੱਲੋਂ ਅਜੇ ਤੱਕ ਨਹੀਂ ਭੇਜੀ ਗਈ ਉਹ ਹਰ ਹਾਲਤ ਵਿੱਚ ਮਿਤੀ 21.03.2014 ਤੱਕ ਮੁੱਖ ਦਫ਼ਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਕਿਉਂ ਜੋ ਭਲਾਈ ਵਿਭਾਗ ਵੱਲੋਂ ਇਹ ਸੂਚਨਾ ਤੁਰੰਤ ਮੰਗੀ ਗਈ ਹੈ:-

1. ਸੈਕਸ਼ਨਿੰਗ ਅਥਾਰਟੀ ਵੱਲੋਂ ਆਪਣੇ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਐਸ.ਸੀ./ਓ.ਬੀ.ਸੀ. ਵਿਦਿਆਰਥੀਆਂ ਦੇ ਜੋ ਕੇਸ ਪੋਰਟਲ ਤੇ ਆਨਲਾਈਨ ਵਿਭਾਗ ਨੂੰ ਸੈਂਕਸ਼ਨ ਕੀਤੇ ਗਏ ਹਨ, ਉਨ੍ਹਾਂ ਦੀਆਂ ਤਸਦੀਕਸੁਦਾ ਹਾਰਡ ਕਾਪੀਆਂ ਕੰਪਾਈਲ ਕਰਕੇ ਭੇਜੀਆਂ ਜਾਣ।

2. ਸੈਕਸ਼ਨਿੰਗ ਅਥਾਰਟੀ ਵੱਲੋਂ ਕਿ ਕੋਈ ਵੀ ਯੋਗ ਐਸ.ਸੀ./ਓ.ਬੀ.ਸੀ. ਵਿਦਿਆਰਥੀ ਆਨਲਾਈਨ ਅਪਲਾਈ ਕਰਨ ਤੋਂ ਵਾਂਝਾ ਨਹੀਂ ਰਹਿ ਗਿਆ ਹੈ, ਸਬੰਧੀ ਸਰਟੀਫਿਕੇਟ ਸਬੰਧਤ ਸੰਸਥਾਵਾਂ ਤੋਂ ਲੈ ਕੇ ਕੰਪਾਈਲ ਕਰਕੇ ਭੇਜੇ ਜਾਣ।

3. ਸੈਕਸ਼ਨਿੰਗ ਅਥਾਰਟੀ ਵੱਲੋਂ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਪ੍ਰਿੰਸੀਪਲਾਂ ਵੱਲੋਂ ਨੋ ਪੈਂਡੇਸੀਂ ਸਰਟੀਫਿਕੇਟ ਕਿ ਕਿਸੇ ਵੀ ਯੋਗ ਐਸ.ਸੀ./ਓ.ਬੀ.ਸੀ. ਵਿਦਿਆਰਥੀ ਦੀ ਪ੍ਰਤੀਬੇਨਤੀ ਪੋਰਟਲ ਤੇ ਪ੍ਰੋਸੈਸ ਕਰਨੀ ਨਹੀਂ ਰਹਿੰਦੀ ਸਬੰਧੀ ਸਰਟੀਫਿਕੇਟ ਕੰਪਾਈਲ ਕਰਕੇ ਭੇਜੇ ਜਾਣ।

4. ਸੈਕਸ਼ਨਿੰਗ ਅਥਾਰਟੀ ਵੱਲੋਂ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਕਿ ਯੋਗ ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਨਹੀਂ ਲਈਆਂ ਗਈਆਂ, ਸਬੰਧੀ ਐਫੀਡੇਵਿਟ ਕੰਪਾਈਲ ਕਰਕੇ ਭੇਜੇ ਜਾਣ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੰਠ ਅਕੰਣ ਨੰ: ਵੈਬ ਪੋਰਟਲ/ਸਕਾਲਰਸ਼ਿਪ ਮਿਤੀ:

ਇਸ ਦਾ ਉਤਾਰਾ ਪ੍ਰੋਗਰਾਮਰ ਮੁੱਖ ਦਫ਼ਤਰ ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ ਚੰਡੀਗੜ੍ਹ।